# ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ

(ਵਿਕਾਸ ਸ਼ਾਖਾ)

ਸੇਵਾ ਵਿਖੇ,

ਡਾ. . ਪਰਮਪਾਲ ਸਿੰਘ, ਵੈਟਨਰੀ ਅਫਸਰ,
-ਕਮ -ਕੋਆਰਡੀਨੇਟਰ, ਪੰਜਾਬ ਸਰਕਾਰ,
ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ
–ਕਮ- ਡਿਪਟੀ ਡਾਇਰੈਕਟਰ, ਐਕਸਟੈਨਸ਼ਨ ਸਰਵਿਸਿਜ਼ ਅਤੇ ਪਬਲਿਕ
ਰਿਲੇਸ਼ਨਜ਼, ਸਦਰ ਦਫਤਰ।

ਮੀਮੋ ਨੰਬਰ 2/3/07-ਡੀ-1/ 4266

ਮਿਤੀ: 12/04/2022

ਵਿਸ਼ਾ:- ਸੀਮਨ ਸਟੇਸ਼ਨ ਨਾਭਾ ਵਿਖੇ ਮਿਤੀ 25-01-2022 ਨੂੰ ਸਥਾਈ ਕਮੇਟੀ ਦੁਆਰਾ ਕੱਲ੍ਹ ਕੀਤੇ ਗਏ ਪਸ਼ੂਆਂ ਨੂੰ ਨਿਲਾਮ ਕਰਨ ਲਈ ਅਖਬਾਰਾਂ ਵਿੱਚ ਟੈਂਡਰ ਨੋਟਿਸ ਛਪਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸਹਾਇਕ ਡਾਇਰੈਕਟਰ, ਪਸ਼ੂ ਪਾਲਣ, ਫਾਰਮਜ਼, ਨਾਭਾ ਦੇ ਪੱਤਰ ਨੰਬਰ 586 ਮਿਤੀ 5-4-2022 ਰਾਹੀਂ ਵਿਸ਼ਾ ਅੰਕਿਤ ਮਾਮਲੇ ਸਬੰਧੀ ਪ੍ਰਾਪਤ ਹੋਈ ਟੈਂਡਰ ਦੀਆਂ ਸ਼ਰਤਾਂ ਅਤੇ ਨਿਲਾਮੀ ਨੋਟਿਸ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਨੂੰ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ
ਪੰਜਾਬ।

ਪਿੱਠ ਅੰਕਣ ਨੰਬਰ 2/3/07/ਡੀ-1/ 4267 ਮਿਤੀ 12/04/2022

ਇਸ ਦਾ ਇੱਕ ਉਤਾਰਾ ਸਹਾਇਕ ਡਾਇਰੈਕਟਰ, ਪਸ਼ੂ ਪਾਲਣ, (ਫਾਰਮਜ਼) ਨਾਭਾ ਨੂੰ ਉਨ੍ਹਾਂ ਦੇ ਪੱਤਰ ਨੰਬਰ 586 ਮਿਤੀ 5-4-2022 ਦੇ ਹਵਾਲੇ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ
ਪੰਜਾਬ।

# ਦਫਤਰ ਸਹਾਇਕ ਡਾਇਰੈਕਟਰ ਪਸ਼ੂ ਪਾਲਣ ਫਾਰਮਜ,ਨਾਭਾ।

ਸੇਵਾ ਵਿਖੇ,

ਡਾਇਰੈਕਟਰ,
ਪਸ਼ੂ ਪਾਲਣ ਵਿਭਾਗ ਪੰਜਾਬ,
ਐਸ. ਏ. ਐਸ. ਨਗਰ।

ਨੰਬਰ................ ਮਿਤੀ....................

ਵਿਸ਼ਾ- ਸੀਮਨ ਸਟੇਸ਼ਨ ਨਾਭਾ ਵਿਖੇ ਮਿਤੀ 25-01-2022 ਨੂੰ ਸਥਾਈ ਕਮੇਟੀ ਦੁਆਰਾ ਕੱਲ੍ਹ ਕੀਤੇ ਗਏ ਪਸ਼ੂਆਂ ਨੂੰ ਨਿਲਾਮ ਕਰਨ ਲਈ ਅਖ਼ਬਾਰਾਂ ਵਿੱਚ ਟੈਂਡਰ ਨੋਟਿਸ ਛਪਵਾਉਣ ਸਬੰਧੀ।

ਹਵਾਲਾ- ਆਪ ਜੀ ਦਾ ਮੀਮੋ ਨੰ: 2/3/07/-ਡੀ-1/1274 ਮਿਤੀ 09-02-2022

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਹੁਕਮਾਂ ਨਾਲ ਸੀਮਨ ਸਟੇਸ਼ਨ ਨਾਭਾ ਵਿਖੇ ਮਿਤੀ 25-01-2022 ਨੂੰ ਸਥਾਈ ਕਮੇਟੀ ਦੁਆਰਾ ਸੀਮਨ ਸਟੇਸ਼ਨ ਨਾਭਾ ਦੇ 19 ਪਸ਼ੂਆਂ ਨੂੰ ਅਤੇ ਕੁਆਰਨਟਾਈਨ ਸਟੇਸ਼ਨ ਨਾਭਾ ਦੇ 01 ਪਸ਼ੂ ਨੂੰ ਕੁੱਲ 20 ਪਸ਼ੂਆਂ ਨੂੰ ਖੁੱਲੀ ਬੋਲੀ ਰਾਹੀਂ ਨਿਲਾਮ ਕਰਨ ਦੀ ਪ੍ਰਵਾਨਗੀ ਪ੍ਰਾਪਤ ਹੋਈ ਹੈ।

ਇੱਥੇ ਇਹ ਵਰਣਨਯੋਗ ਹੈ ਕਿ ਨਾਭਾ ਵਿਖੇ ਪਸ਼ੂ ਮੰਡੀ ਬੰਦ ਹੈ ਅਤੇ ਪਸ਼ੂਆਂ ਨੂੰ ਮੰਡੀ ਵਿੱਚ ਲਿਜਾਣ ਸਬੰਧੀ ਵਾਧੂ ਵਿੱਤੀ ਬੋਝ, ਪਰੇਸ਼ਾਨੀ ਅਤੇ ਨਾ ਵਿਕ ਸਕਣ ਵਾਲੇ ਪਸ਼ੂਆਂ ਸਬੰਧੀ ਸੀਮਨ ਸਟੇਸ਼ਨ ਨਾਭਾ ਦੀ ਬਾਇਓਸਕਿਊਰਟੀ ਅਤੇ ਆਡਿਟ ਦੀ ਐਡਵਾਈਜ਼ ਅਨੁਸਾਰ ਇਹਨਾਂ ਪਸ਼ੂਆਂ ਨੂੰ ਫਾਰਮ ਗੇਟ ਤੇ ਖੁੱਲੀ ਬੋਲੀ ਰਾਹੀਂ ਨਿਲਾਮ ਕਰਨਾ ਬਣਦਾ ਹੈ। ਜਿਲ੍ਹਾ ਲੋਕ ਸੰਪਰਕ ਅਫਸਰ, ਲੋਕ ਸੰਪਰਕ ਵਿਭਾਗ ਪਟਿਆਲਾ ਦੇ ਪੱਤਰ 18/1578 ਮਿਤੀ 06-02-18 ਦੀਆਂ ਹਦਾਇਤਾਂ ਅਨੁਸਾਰ ਪ੍ਰਕਾਸ਼ਿਤ ਕਰਨ ਵਾਲੇ ਟੈਂਡਰ ਦੀਆਂ ਸ਼ਰਤਾਂ ਪਹਿਲਾਂ ਵਿਭਾਗ ਦੀ ਵੈਬਸਾਇਟ ਤੇ ਅੱਪਲੋਡ ਕੀਤੀਆਂ ਜਾਂਣੀਆਂ ਹਨ।

ਇਸ ਲਈ ਆਪ ਜੀ ਨੂੰ ਟੈਂਡਰ ਦੀਆਂ ਸ਼ਰਤਾਂ ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਪਸ਼ੂ ਪਾਲਣ ਵਿਭਾਗ ਦੀ ਵੈੱਬਸਾਈਟ ਤੇ ਅੱਪਲੋਡ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਕੱਲ੍ਹ ਕੀਤੇ ਪਸ਼ੂਆਂ ਨੂੰ ਖੁੱਲ੍ਹੀ ਬੋਲੀ ਰਾਹੀਂ ਨਿਲਾਮ ਕਰਵਾਇਆ ਜਾ ਸਕੇ ਜੀ।

ਨੱਥੀ : (1) ਨਿਲਾਮੀ ਨੋਟਿਸ।
(2) ਸ਼ਰਤਾਂ ਦੀ ਕਾਪੀ।

ਸਹਾਇਕ ਡਾਇਰੈਕਟਰ,
ਪਸ਼ੂ ਪਾਲਣ ਫਾਰਮਜ, ਨਾਭਾ।

ਨੰਬਰ ......587...... ਮਿਤੀ ......05-04-2022......

ਇਸਦਾ ਇਕ ਉਤਾਰਾ ਇਨਫਰਮੇਸ਼ਨ ਅਫਸ਼ਰ ਦਫਤਰ ਡੀ. ਏ. ਐਚ. ਪੰਜਾਬ ਐਸ. ਏ. ਐਸ. ਨਗਰ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ ਜੀ।

ਨੱਥੀ : ਸਹਿ ਪੱਤਰ।

05.04.2022

ਸਹਾਇਕ ਡਾਇਰੈਕਟਰ,
ਪਸ਼ੂ ਪਾਲਣ ਫਾਰਮਜ਼, ਨਾਭਾ।

Scanned with CamScanner

ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ
(ਵਿਕਾਸ ਸ਼ਾਖਾ)

ਸੇਵਾ ਵਿਖੇ,

ਸਹਾਇਕ ਡਾਇਰੈਕਟਰ, ਪਸ਼ੂ ਪਾਲਣ,
(ਫਾਰਮਜ਼) ਨਾਭਾ।

ਮੀਮੋ ਨੰਬਰ 2/3/07-ਡੀ-1/ 1274
ਮਿਤੀ: 9/2/2022

ਵਿਸ਼ਾ:-1. ਸੀਮਨ ਸਟੇਸ਼ਨ ਨਾਭਾ ਵਿਖੇ ਮਿਤੀ 25-1-2022 ਨੂੰ ਸਥਾਈ ਕਲਿੰਗ ਕਮੇਟੀ ਦੁਆਰਾ ਕੱਲ੍ਹ ਕੀਤੇ ਗਏ ਪਸ਼ੂਆਂ ਨੂੰ ਨਿਲਾਮ ਕਰਨ ਸਬੰਧੀ।

2 ਕੁਆਰਨਟਾਈਨ ਸਟੇਸ਼ਨ ਨਾਭਾ ਵਿਖੇ ਮਿਤੀ 19-1-2022 ਨੂੰ ਸਥਾਈ ਕਮੇਟੀ ਦੁਆਰਾ ਕੱਲ੍ਹ (ਛਾਂਟੀ) ਕੀਤੇ ਗਏ ਬੁੱਲ (ਟੈਗ ਨੰ:130005251836) ਨੂੰ ਨਿਲਾਮ ਕਰਨ ਦੀ ਪ੍ਰਵਾਨਗੀ ਦੇਣ ਸਬੰਧੀ।

ਹਵਾਲਾ:- ਆਪ ਦੇ ਪੱਤਰ ਨੰਬਰ 167 ਅਤੇ ਪੱਤਰ ਨੰਬਰ 169 ਮਿਤੀ 27-1-2022

1 ਉਪਰੋਕਤ ਵਿਸ਼ੇ ਸਬੰਧੀ ਆਪ ਦੁਆਰਾ ਹਵਾਲਾ ਅਧੀਨ ਪੱਤਰਾਂ ਰਾਹੀਂ ਕੀਤੀਆਂ ਗਈਆਂ ਬੇਨਤੀਆਂ ਦੇ ਸਨਮੁੱਖ ਕ੍ਰਮਵਾਰ ਸੀਮਨ ਸਟੇਸ਼ਨ ਨਾਭਾ ਵਿਖੇ ਕੱਲ੍ਹ ਕੀਤੇ 19 ਪਸ਼ੂਆਂ ਨੂੰ ਅਤੇ ਕੁਆਰਨਟਾਈਨ ਸਟੇਸ਼ਨ ਨਾਭਾ ਵਿਖੇ ਕੱਲ੍ਹ ਕੀਤੇ ਗਏ 01 ਬੁੱਲ (ਟੈਗ ਨੰ: 130005251836) ਨੂੰ ਖੁੱਲੀ ਬੋਲੀ ਰਾਹੀਂ ਨਿਲਾਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

2 ਇਸ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਉਕਤ ਪਸ਼ੂਆਂ ਦੀ ਨਿਲਾਮੀ ਵਿੱਚ ਡਾ: ਰਣਬੀਰ ਸ਼ਰਮਾ, ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸਮਾਲ ਰੂਮੀਨੈਂਟਜ਼ ਐਂਡ ਪੋਲਟਰੀ ਵੱਲੋਂ ਨਿਮਨਹਸਤਾਖਰ ਦੇ ਨੁਮਾਇੰਦੇ ਵੱਜੋਂ ਭਾਗ ਲਿਆ ਜਾਵੇਗਾ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

ਪਿੱਠ ਅੰਕਣ ਨੰਬਰ 2/3/07-ਡੀ-1/ ਮਿਤੀ:

ਇਸ ਦਾ ਇੱਕ ਉਤਾਰਾ ਡਾ. ਰਣਬੀਰ ਸ਼ਰਮਾ, ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸਮਾਲ ਰੂਮੀਨੈਂਟਜ਼ ਐਂਡ ਪੋਲਟਰੀ ਨੂੰ ਉਕਤ ਹਵਾਲਾ ਅਧੀਨ ਪੱਤਰਾਂ ਦੀਆਂ ਫੋਟੋ ਕਾਪੀਆਂ ਸਮੇਤ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

# ਪੰਜਾਬ ਸਰਕਾਰ

## ਪਸ਼ੂ ਪਾਲਣ ਵਿਭਾਗ ਪੰਜਾਬ, ਦਫ਼ਤਰ ਸਹਾਇਕ ਡਾਇਰੈਕਟਰ ਪਸ਼ੂ ਪਾਲਣ ਫਾਰਮਜ਼, ਨਾਭਾ।

### ਨਿਲਾਮੀ ਨੋਟਿਸ

| | |
|---|---|
| ਨਿਲਾਮੀ ਨੋਟਿਸ ਨੰ : 01 | ਮਿਤੀ 04-04-2022 |
| ਨਿਲਾਮੀ ਕਰਨ ਵਾਲਾ ਵਿਭਾਗ | ਸਹਾਇਕ ਡਾਇਰੈਕਟਰ ਪਸ਼ੂ ਪਾਲਣ ਫਾਰਮਜ਼, ਨਾਭਾ। |
| ਨਿਲਾਮੀ ਦਾ ਵੇਰਵਾ | ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੀਮਨ ਸਟੇਸ਼ਨ ਨਾਭਾ ਵਿਖੇ 12 ਝੋਟੇ ਅਤੇ 8 ਸਾਂਨ੍ਹ, ਕੁੱਲ 20 ਪਸ਼ੂਆਂ ਦੀ ਨਿਲਾਮੀ ਖੁੱਲੀ ਬੋਲੀ ਰਾਂਹੀ ਕੀਤੀ ਜਾਵੇਗੀ। |
| ਰਕਮ ਬਿਆਨਾ | 5000-ਰੁ (ਮੋੜਨ ਯੋਗ) |
| ਨਿਲਾਮੀ ਦੀ ਮਿਤੀ | 28-04-2022 |
| ਨਿਲਾਮੀ ਦਾ ਸਥਾਨ | ਦਫਤਰ ਸਹਾਇਕ ਡਾਇਰੈਕਟਰ ਪਸ਼ੂ ਪਾਲਣ, ਸੀਮਨ ਸਟੇਸ਼ਨ, ਨਾਭਾ ਜਿਲ੍ਹਾ ਪਟਿਆਲਾ। |

ਸ਼ਰਤਾਂ ਲਈ ਕਿਰਪਾ ਕਰਕੇ ਵੈਬਸਾਈਟ www.**husbandrypunjab**.org ਦੇਖੋ
ਸੋਧ ਜੇਕਰ ਕੋਈ ਹੋਈ ਕੇਵਲ ਵੈਬੱਸਾਈਟ ਤੇ ਜਾਰੀ ਕੀਤੀ ਜਾਵੇਗੀ।

05.04.2022

ਸਹਾਇਕ ਡਾਇਰੈਕਟਰ,
ਪਸ਼ੂ ਪਾਲਣ ਫਾਰਮਜ਼, ਨਾਭਾ।

# ਸੀਮਨ ਸਟੇਸ਼ਨ ਨਾਭਾ ਦੇ ਪਸ਼ੂਆਂ ਦੀ ਨਿਲਾਮੀ ਸਬੰਧੀ ਸ਼ਰਤਾਂ

1) ਬੋਲੀ ਲਈ ਸਕਿਉਰਟੀ ਰੁਪਏ 5000- (ਮੋੜਨ ਯੋਗ ) ਜਮਾਂ ਕਰਵਾਉਣੀ ਹੋਵੇਗੀ।

2) ਵੇਚੇ ਗਏ ਜਾਨਵਰ ਨਾਲ ਕੋਈ ਰੱਸਾ ਆਦਿ ਨਹੀਂ ਦਿੱਤਾ ਜਾਵੇਗਾ।

3) ਕਮੇਟੀ ਨੂੰ ਪੂਰਾ ਅਧਿਕਾਰ ਹੈ ਕਿ ਉਹ ਵੱਧ ਤੋਂ ਵੱਧ ਬੋਲੀ ਵੀ ਰੱਦ ਕਰ ਸਕਦੀ ਹੈ।

4) ਬੋਲੀ ਟੁੱਟਣ ਤੇ ਖ਼ਰੀਦਦਾਰ ਨੂੰ ਬਣਦੀ ਰਕਮ ਮੌਕੇ ਤੇ ਹੀ ਜਮਾਂ ਕਰਵਾਉਣੀ ਪਵੇਗੀ।ਜੇਕਰ ਖ਼ਰੀਦਦਾਰ ਬੋਲੀ ਉਪਰੰਤ ਬਣਦੀ ਰਕਮ ਜਮਾਂ ਕਰਵਾਉਣ ਵਿੱਚ ਅਸਮੱਰਥ ਰਹਿੰਦਾ ਹੈ ਤਾਂ ਉਸ ਦੀ ਸਕਿਉਰਟੀ ਰਕਮ ਜਬਤ ਕਰ ਲਈ ਜਾਵੇਗੀ।

5) ਬਾਕੀ ਸ਼ਰਤਾਂ ਮੌਕੇ ਤੇ ਹੀ ਦੱਸੀਆਂ ਜਾਣਗੀਆਂ।

05.04.2022

ਸਹਾਇਕ ਡਾਇਰੈਕਟਰ,
ਪਸ਼ੂ ਪਾਲਣ ਫਾਰਮਜ਼ ਨਾਭਾ।